# ਤੇ ਦੇਵ ਪੁਰਸ਼ ਹਾਰ ਗਏ

[ਨਾਟਕ ਸ਼ੁਰੂ ਹੋਣ 'ਤੇ ਕਾਫ਼ੀ ਰੌਲੇ ਵਾਲਾ ਦ੍ਰਿਸ਼ ਹੈ। ਮਾਨਸਿਕ ਰੋਗੀ ਦੇ ਵਾਲ ਖੁੱਲ੍ਹੇ ਹਨ। ਉਹ ਸਿਰ ਮਾਰ ਰਿਹਾ ਹੈ। ਭੂਤ ਕੱਢਣ ਵਾਲਾ ਜੋਗੀ, ਜਿਸ ਦੇ ਹੱਥ ਵਿਚ ਘੁੰਗਰੂਆਂ ਵਾਲੀ ਡਾਂਗ ਹੈ। ਢੋਲਕੀ ਵਾਲਾ ਢੋਲਕੀ ਕੁੱਟੀ ਜਾ ਰਿਹਾ ਹੈ। ਫਿਰ ਇਕ ਠਾਪ ਨਾਲ ਸਭ ਕੁਝ ਬੰਦ ਹੋ ਜਾਂਦਾ ਹੈ। ਸੂਤਰਧਾਰ ਇਕ ਅਤੇ ਦੋ ਆਉਂਦੇ ਹਨ। ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹਨ।]

ਇਕ : ਇਹ ਜੋ ਤੁਸੀਂ ਸਾਹਮਣੇ ਹੁੰਦਾ ਵੇਖ ਰਹੇ ਹੋ, ਇਹ ਕੋਈ ਨਾਟਕ ਨਹੀਂ।

ਦੋ : ਇਹ ਸਾਡੀ ਜ਼ਿੰਦਗੀ ਦਾ ਭਾਗ ਹੈ।

ਇਕ : ਇਹ ਜੋ ਬੰਦਾ, ਜਿਸ ਨੂੰ ਬੁਰੀ ਤਰ੍ਹਾਂ ਕੁੱਟਿਆ ਜਾ ਰਿਹਾ ਹੈ, ਇਹਦੇ ਵਿਚੋਂ ਇਹਦੇ ਬਾਪੂ ਦਾ ਭੂਤ ਕੱਢਿਆ ਜਾ ਰਿਹਾ ਹੈ।

ਦੋ : ਇਹ ਇਕ ਸਾਧਾਰਨ ਵਿਅਕਤੀ ਹੈ।

ਇਕ : ਇਹਦੇ ਬਾਪ ਨੇ ਮਰਨ ਵੇਲੇ ਇਹਨੂੰ ਸੌਂਪਣਾ ਕੀਤੀ ਕਿ ਇਹਨੇ ਆਪਣੀ ਨਿੱਕੀ ਭੈਣ ਦਾ ਖ਼ਿਆਲ ਰੱਖਣਾ ਹੈ।

ਦੋ : ਪਰ ਇਹ ਖ਼ਿਆਲ ਨਾ ਰੱਖ ਸਕਿਆ।

ਇਕ : ਇਹਦਾ ਵੱਡਾ ਕਾਰਨ ਇਹਦੀ ਗਰੀਬ ਤੇ ਤੰਗਦਸਤੀ ਸੀ।

ਦੋ : ਪੈਸਾ ਕੋਲ ਨਾ ਹੋਣ ਕਰਕੇ ਇਹਨੇ ਆਪਣੀ ਭੈਣ ਦਾ ਵਿਆਹ ਇਕ ਲੋੜਵੰਦ ਵੱਡੀ ਉਮਰ ਦੇ ਮੁੰਡੇ ਨਾਲ ਕਰ ਦਿੱਤਾ।

ਇਕ : ਜਾਂ ਕਹਿ ਲਵੋ ਕਿ ਇਹਨੇ ਆਪਣੀ ਭੈਣ ਦਾ ਸੌਦਾ ਕਰ ਲਿਆ।

ਦੋ : ਵੱਡੀ ਉਮਰ ਦਾ ਬੰਦਾ ਛੇਤੀ ਮਰ ਗਿਆ।

ਇਕ : ਤੇ ਇਹਦੀ ਭੈਣ ਵਿਧਵਾ ਹੋ ਗਈ।

ਦੋ : ਇਹਦੀ ਜ਼ਮੀਰ ਇਸ ਨੂੰ ਇਸ ਗੱਲ 'ਤੇ ਲਾਹਨਤ ਪਾਉਂਦੀ ਹੈ।

ਇਕ : ਇਹ ਇਹਦੀ ਜ਼ਮੀਰ ਦੀ ਆਵਾਜ਼ ਹੈ, ਜੋ ਇਸ ਨੂੰ ਇਹਦੇ ਬਾਪੂ ਦੀ ਆਵਾਜ਼ ਵਿਚ ਲਾਅਨਤ ਪਾਉਂਦੀ ਹੈ।

ਦੋ : ਇਹ ਸੁੱਤਿਆਂ-ਸੁੱਤਿਆਂ ਬੁੜਬੁੜਾ ਉੱਠਦਾ ਹੈ।

ਇਕ : ਤੇ ਸਮਝਿਆ ਜਾਂਦਾ ਹੈ ਕਿ ਇਹਦੇ ਬਾਪੂ ਦੀ ਰੂਹ ਇਹਦੇ ਵਿਚ ਸਮਾ ਗਈ ਹੈ।

ਦੋ : ਜਦੋਂ ਇਹ ਆਵਾਜ਼ ਇਹਦੇ ਜ਼ਮੀਰ ਵਿਚ ਆਉਂਦੀ ਹੈ ਤਾਂ ਇਹਦੇ ਹੋਸ਼ ਵਾਲਾ ਪਾਸਾ ਬੇਸੁਰਤ ਹੋ ਜਾਂਦਾ ਹੈ।

ਇਕ : ਤੇ ਬਾਪੂ ਦੀਆਂ ਸਾਰੀਆਂ ਸੰਭਵ ਸ਼ਿਕਾਇਤਾਂ ਇਹਦੀ ਆਵਾਜ਼ ਵਿਚ ਆ ਜਾਂਦੀਆਂ ਹਨ।

ਦੋ : ਤੇ ਇਹ ਸਮਝਿਆ ਜਾਂਦਾ ਹੈ ਕਿ ਇਹਦੇ ਬਾਪੂ ਦਾ ਭੂਤ ਇਹਨੂੰ ਚੰਬੜ ਗਿਆ ਹੈ।

ਇਕ : ਤੇ ਇਹ ਭੂਤ ਕੱਢਣ ਦਾ ਹੀ ਉਪਰਾਲਾ ਹੋ ਰਿਹਾ ਹੈ।

*(ਇਕ ਤੇ ਦੋ ਇਕ ਪਾਸੇ ਹੋ ਜਾਂਦੇ ਹਨ ਤੇ ਭੂਤ ਕੱਢਣ ਵਾਲੇ ਦਾ ਰੌਲਾ ਫੇਰ ਸ਼ੁਰੂ ਹੋ ਜਾਂਦਾ ਹੈ।)*

ਜੋਗੀ : ਐ ਭੂਤ ਮੈਂ ਤੈਨੂੰ ਕਹਿੰਦਾ ਹਾਂ ਕਿ ਤੂੰ ਇਸ ਮੁੰਡੇ ਵਿਚੋਂ ਨਿਕਲ ਜਾ।

ਬੰਦਾ : (ਇਹਦੀਆਂ ਅੱਖਾਂ ਬੌਰੀਆਂ ਹਨ, ਜਿਸ ਤਰ੍ਹਾਂ ਪਾਗਲਾਂ ਦੀਆਂ ਹੁੰਦੀਆਂ ਹਨ ਤੇ ਇਹ ਭੂਤਾਂ ਵਰਗੀ ਆਵਾਜ਼ ਵਿਚ ਬੋਲਦਾ ਹੈ) ਮੈਂ ਨਹੀਂ ਨਿਕਲਦਾ।

ਜੋਗੀ : ਤੈਨੂੰ ਮੇਰੇ ਗੁੱਸੇ ਦਾ ਨਹੀਂ ਪਤਾ...(ਬੰਦੇ ਦੇ ਡਾਂਗ ਮਾਰਦਾ ਹੈ, ਉਹ ਚੀਖਦਾ ਹੈ।)

ਬੰਦਾ : ਤੂੰ ਮੈਨੂੰ ਜਿੰਨਾ ਮਰਜ਼ੀ ਮਾਰ, ਮੈਂ ਨਹੀਂ ਨਿਕਲਾਂਗਾ।

ਜੋਗੀ : ਤੈਨੂੰ ਕੁਝ ਚਾਹੀਦਾ ਹੈ ?

ਬੰਦਾ : ਮੈਨੂੰ ਭੁੱਖ ਲੱਗੀ ਏ।

ਜੋਗੀ : ਕੀ ਖਾਏਂਗਾ ?

ਬੰਦਾ : ਖੀਰ ਖਾਵਾਂਗਾ।

ਜੋਗੀ : ਫੇਰ ਖੀਰ ਲਿਆਈਏ ?

ਬੰਦਾ : ਮੈਂ ਇਹਦੀ ਵਹੁਟੀ ਦੇ ਹੱਥਾਂ ਦੀ ਖੀਰ ਨਹੀਂ ਖਾਵਾਂਗਾ।

ਜੋਗੀ : ਕਿਉਂ ?

ਬੰਦਾ : ਕਿਉਂਕਿ ਉਹ ਇਸ ਵਿਚ ਜ਼ਹਿਰ ਮਿਲਾ ਦੇਵੇਗੀ।

ਜੋਗੀ : ਕਿਉਂ ?

ਬੰਦਾ : ਉਹ ਭੈੜੀ ਔਰਤ ਏ...ਉਹਨੇ ਹੀ ਇਹਨੂੰ ਪੱਟੀ ਪੜ੍ਹਾਈ ਸੀ ਕਿ ਮਿੰਦੋ ਦਾ ਵਿਆਹ ਉਸ ਬੁੱਢੇ ਨਾਲ ਕਰ ਦੇ।

ਜੋਗੀ : ਕਿਉਂ ?

ਬੰਦਾ : ਉਹਨੂੰ ਪੈਸੇ ਦਾ ਲਾਲਚ ਸੀ। ਚੜੇਲ ਆ ਰਹੀ ਏ...ਮੈਂ ਉਹਨੂੰ ਮਾਰ ਦੇਵਾਂਗਾ।

*(ਫੇਰ ਰੌਲਾ ਸ਼ੁਰੂ ਹੋ ਜਾਂਦਾ ਹੈ, ਮੈਂ ਉਹਨੂੰ ਮਾਰ ਦੇਵਾਂਗਾ ਤੇ ਜੋਗੀ ਉਹਨੂੰ ਡੰਡੇ ਮਾਰੀ ਜਾਂਦਾ ਹੈ। ਫੇਰ ਇਕਦਮ ਚੁੱਪ ਹੋ ਜਾਂਦੀ ਹੈ।*

*ਇਕ ਤੇ ਦੋ ਅੱਗੇ ਆਉਂਦੇ ਹਨ।)*

ਇਕ : ਇਹ ਸਾਡੀ ਸਭਿਅਤਾ ਦਾ ਇਕ ਹਿੱਸਾ ਹੈ ਕਿ ਬੰਦਾ ਜਿਹੜੀ ਗੱਲ ਆਪ ਨਾ ਆਖ ਸਕੇ ਜਾਂ ਜਿਹੜੀ ਗੱਲ ਆਪ ਨਾ ਕਰ ਸਕੇ ਜਾਂ ਜਿਹੜੀ ਚੀਜ਼ ਉਹਦੀ ਕਮਜ਼ੋਰੀ ਹੋਵੇ।

ਦੋ : ਉਹਦਾ ਇਲਜ਼ਾਮ ਉਹਦੀ ਤੀਵੀਂ ’ਤੇ ਦੇ ਦਿੱਤਾ ਜਾਂਦਾ ਹੈ।

ਇਕ : ਜੇ ਭਰਾ ਭਰਾ ਆਪਸ ਵਿਚ ਲੜ ਪੈਣ ਤੇ ਕਿਹਾ ਜਾਂਦਾ ਹੈ—

ਦੋ : ਕਿ ਭਰਾ ਭਾਬੀ ਦੇ ਸਿੱਖੇ ਸਿਖਾਏ ਲੜ ਰਿਹਾ ਏ।

ਇਕ : ਜੇ ਪੜ੍ਹਿਆ ਲਿਖਿਆ ਭਰਾ ਆਪਣੇ ਕਿਸਾਨ ਭਰਾਵਾਂ ਨਾਲ ਠੀਕ ਸਲੂਕ ਨਾ ਕਰੇ—

ਦੋ : ਤਾਂ ਇਹੀ ਕਿਹਾ ਜਾਂਦਾ ਹੈ ਕਿ ਜਦੋਂ ਦਾ ਇਹਨੇ ਮਾਸਟਰਨੀ ਨਾਲ ਵਿਆਹ ਕੀਤਾ ਏ, ਉਹਨੇ ਇਹਦੇ ਸਿਰ ਵਿਚ ਕੁਝ ਧੂੜ ਦਿੱਤਾ ਹੈ।

ਇਕ : ਜੇ ਬੰਦਾ ਆਪਣੀ ਵਹੁਟੀ ਨਾਲ ਠੀਕ ਸਲੂਕ ਨਾ ਕਰੇ ਤਾਂ ਕਿਹਾ ਜਾਂਦਾ ਹੈ—

ਦੋ : ਕਿ ਮਾਂ ਦੇ ਸਿੱਖੇ ਸਿਖਾਏ ਵਹੁਟੀ ਨੂੰ ਮਾਰ ਰਿਹਾ ਏ।

ਇਕ : ਯਾਨੀ ਬੰਦੇ ਨੂੰ ਉਹਦੀਆਂ ਹਰਕਤਾਂ ਦਾ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ—

ਦੋ : ਸਗੋਂ ਕਸੂਰ ਕਿਸੇ ਨਾ ਕਿਸੇ ਤੀਵੀਂ ’ਤੇ ਮੜ੍ਹਿਆ ਜਾਂਦਾ ਹੈ।

ਇਕ : ਇਹ ਤੀਵੀਂ ਭਾਬੀ ਹੋ ਸਕਦੀ ਏ, ਨਨਾਣ ਹੋ ਸਕਦੀ ਏ, ਮਾਂ ਹੋ ਸਕਦੀ ਏ, ਸੱਸ ਹੋ ਸਕਦੀ ਏ, ਨੂੰਹ ਹੋ ਸਕਦੀ ਏ।

ਦੋ : ਇਸੇ ਲਈ ਇਹਦੀ ਜ਼ਮੀਰ ਦੀ ਫਿਟਕਾਰ ਦਾ ਨਿਸ਼ਾਨਾ ਵੀ ਇਹਦੇ ਆਪਣੇ ਨਾਲੋਂ—

ਇਕ : ਇਹਦੀ ਤੀਵੀਂ ਬਹੁਤੀ ਹੈ।

ਦੋ : ਇਹ ਬੰਦਾ ਮਾਨਸਿਕ ਰੋਗੀ ਹੈ।

ਇਕ : ਹੋਸ਼ ਵਿਚ ਹੋਵੇ ਤਾਂ ਤੀਵੀਂ ਨੂੰ ਮਾਰਦਾ ਏ।

ਦੋ : ਦੌਰਾ ਪੈਣ ’ਤੇ ਆਪਣੇ ਬਾਪੂ ਦੀ ਆਵਾਜ਼ ਵਿਚ ਬੋਲਦਾ ਹੈ।

ਇਕ : ਇਸ ਮਾਨਸਿਕ ਰੋਗੀ ਦਾ ਇਲਾਜ ਭੂਤ ਪ੍ਰੇਤ ਕੱਢਣ ਵਾਲਿਆਂ ਕੋਲ ਨਹੀਂ।

ਦੋ : ਜੋ ਇਸ ਨੂੰ ਮਾਰ-ਮਾਰ ਕੇ ਅੱਧ-ਮੋਇਆ ਕਰ ਰਹੇ ਹਨ।

*(ਐਕਸ਼ਨ ਫੇਰ ਹੁੰਦਾ ਹੈ। ਬੰਦਾ ਸਿਰ ਮਾਰਦਾ ਹੈ ਤੇ ਫੇਰ ਸਭ ਕੁਝ ਬੰਦ ਹੁੰਦਾ ਹੈ।)*

ਇਕ : ਇਹਦਾ ਇਲਾਜ ਮਾਰ ਕੁੱਟ ਵਿਚ ਨਹੀਂ।

ਦੋ : ਸਗੋਂ ਇਸ ਗੱਲ ਵਿਚ ਹੈ ਕਿ ਇਹਦੀ ਜ਼ਮੀਰ ਦਾ ਭਾਰ ਲਾਹਿਆ ਜਾਏ।

ਇਕ : ਇਹ ਚੰਗਾ ਬੰਦਾ ਹੈ, ਜ਼ਮੀਰ ਵਾਲਾ ਬੰਦਾ ਹੈ।

ਦੋ : ਤਾਂ ਹੀ ਇਹਦੀ ਜ਼ਮੀਰ ਤੇ ਇਕ ਗ਼ਲਤੀ ਕਰਨ ਦਾ ਭਾਰ ਪਿਆ ਹੈ।

ਇਕ : ਜੇ ਇਹ ਬੇਜ਼ਮੀਰਾ ਹੁੰਦਾ—

ਦੋ : ਜਾਂ ਢੀਠ ਹੁੰਦਾ ਤਾਂ ਇਹ ਕਰਮ ਕਰਕੇ ਵੀ ਉਹਦੀ ਜ਼ਮੀਰ 'ਤੇ ਕੋਈ ਭਾਰ ਨਾ ਪੈਂਦਾ।

ਇਕ : ਜਿਸ ਤਰ੍ਹਾਂ ਸਾਡੇ ਕਈ ਲੋਕ ਹੁੰਦੇ ਹਨ।

ਦੋ : ਉਹ ਹਰ ਕਰਮ ਕਰਦੇ ਹਨ, ਪਰ ਨੌਂਬਰ ਦੇ ਨੌਂਬਰ ਰਹਿੰਦੇ ਹਨ।

ਇਕ : ਜੇਕਰ ਅਸੀਂ ਇਹਦੀ ਬਿਮਾਰੀ ਦੀ ਜੜ੍ਹ ਫੜ ਲਈਏ ਤਾਂ ਫੇਰ ਇਲਾਜ ਵੀ ਹੋ ਸਕਦਾ ਹੈ।

ਦੋ : ਜਿਹੜਾ ਇਲਾਜ ਇਹਨੂੰ ਮਾਰ ਮਾਰ ਕੇ ਕੀਤਾ ਜਾ ਰਿਹਾ ਹੈ, ਇਹ ਪ੍ਰੇਰਨਾ ਨਾਲ ਵੀ ਕੀਤਾ ਜਾ ਸਕਦਾ ਹੈ।

ਇਕ : ਇਹੀ ਫਰਕ ਪੁਰਾਣੇ ਵਹਿਮਾਂ-ਭਰਮਾਂ ਦਾ ਅਤੇ ਅੱਜ ਦੀ ਸਾਇੰਸ ਦਾ ਹੈ।

ਦੋ : ਇਹ ਬੰਦਾ ਮਾਨਸਿਕ ਰੋਗੀ ਹੈ।

ਇਕ : ਇਹਦਾ ਇਲਾਜ ਮਾਨਸਿਕ ਡਾਕਟਰਾਂ ਕੋਲ ਹੈ।

ਦੋ : ਜਿਸ ਤਰ੍ਹਾਂ ਦਿਲ ਦੇ ਰੋਗ ਦਾ ਡਾਕਟਰ ਹੁੰਦਾ ਹੈ।

ਇਕ : ਅੱਖ ਦੇ ਰੋਗ ਦਾ ਡਾਕਟਰ ਹੁੰਦਾ ਹੈ।

ਦੋ : ਚਮੜੀ ਦੇ ਰੋਗ ਦਾ ਡਾਕਟਰ ਹੁੰਦਾ ਹੈ

ਇਕ : ਇਸੇ ਤਰ੍ਹਾਂ ਮਾਨਸਿਕ ਰੋਗਾਂ ਦਾ ਵੀ ਡਾਕਟਰ ਹੁੰਦਾ ਹੈ।

ਦੋ : ਮਾਨਸਿਕ ਰੋਗਾਂ ਦਾ ਹਸਪਤਾਲ ਹੁੰਦਾ ਹੈ।

ਇਕ : ਪਰ ਇਹਦਾ ਇਲਾਜ ਤਾਂ ਬਹੁਤ ਸਿੱਧਾ ਹੈ।

ਦੋ : ਅਸੀਂ ਹੀ ਦੂਰ ਕਰਨ ਦਾ ਯਤਨ ਕਰਦੇ ਹਾਂ।

*(ਰੌਲਾ ਫੇਰ ਸ਼ੁਰੂ ਹੁੰਦਾ ਹੈ। ਇਕ ਤੇ ਦੋ ਉਥੇ ਪੁੱਜਦੇ ਹਨ, ਇਹ ਐਕਸ਼ਨ ਵਿਚ ਇਸ ਤਰ੍ਹਾਂ ਦੱਸਣਾ ਹੈ, ਜਿਸ ਤਰ੍ਹਾਂ ਕਾਫ਼ੀ ਫ਼ਾਸਲਾ ਤੈਅ ਕਰਕੇ ਉਥੇ ਗਏ ਹਨ। ਸੰਗੀਤ ਵੱਜਦਾ ਜਾਂਦਾ ਹੈ। ਬੰਦਾ ਸਿਰ ਮਾਰਦਾ ਜਾਂਦਾ ਹੈ। ਭੂਤ ਕੱਢਣ ਵਾਲਾ ਡਾਂਗ ਨਾਲ ਉਹਨੂੰ ਮਾਰੀ ਜਾਂਦਾ ਹੈ।)*

ਇਕ : ਬੰਦ ਕਰੋ ਇਸ ਰੌਲੇ ਨੂੰ।

ਜੋਗੀ : ਤੁਸੀਂ ਕੌਣ ?

ਇਕ ਤੇ ਦੋ : ਤੁਹਾਡੇ ਪਿਓ...(ਇਕ ਤੇ ਦੋ ਸਾਰਿਆਂ ਨੂੰ ਪਰੇ ਕਰਦੇ ਹਨ ਤੇ ਫੇਰ ਜੋਗੀ ਕੋਲ ਆਉਂਦੇ ਹਨ।)

ਇਕ : ਪੁੱਤਰ...ਇਹ ਤੇਰਾ ਕੀ ਹਾਲ ਹੋਇਆ ?

ਬੰਦਾ : ਤੁਸੀਂ ਹੀ ਤਾਂ ਕੀਤਾ ਹੈ।

ਇਕ : ਮੈਂ ਕਿਉਂ ਕਰਨਾ ਸੀ ?

ਬੰਦਾ : ਮੈਂ ਪਾਪ ਜੋ ਬੜਾ ਕੀਤਾ ਹੈ।

ਇਕ : ਕੀ ਪਾਪ ਕੀਤਾ ਏ ?

ਬੰਦਾ : ਵਹੁਟੀ ਦੇ ਕਹੇ ਮਿੰਦੋ ਦਾ ਵਿਆਹ ਉਸ ਬੁੱਢੇ ਨਾਲ ਕੀਤਾ ਏ।

ਇਕ : ਪੁੱਤਰਾ ਵਹੁਟੀ ਨੇ ਤਾਂ ਕਦੇ ਵੀ ਨਹੀਂ ਕਿਹਾ ਸੀ, ਉਹ ਤਾਂ ਸਗੋਂ ਮਨ੍ਹਾ ਕਰਦੀ ਸੀ।

ਬੰਦਾ : ਪਰ ਉਹ ਆਪਣੀਆਂ ਟੂੰਬਾਂ ਕਿਉਂ ਨਹੀਂ ਦੇਂਦੀ ਸੀ ?

ਇਕ : ਉਹ ਤੇ ਉਹਦੇ ਕੋਲ ਹੈਗੀਆਂ ਹੀ ਨਹੀਂ ਸਨ।

ਬੰਦਾ : ਹੈਗੀਆਂ ਕਿਉਂ ਨਹੀਂ ਸਨ ?

ਇਕ : ਯਾਦ ਕਰ...ਉਹ ਤਾਂ ਪਹਿਲਾਂ ਹੀ ਵਿਕ ਗਈਆਂ ਸਨ।

ਇਕ : ਤੂੰ ਮਿੰਦੋ ਦਾ ਵਿਆਹ ਉਸ ਬੁੱਢੇ ਨਾਲ ਕੀਤਾ ਸੀ, ਕਿਉਂਕਿ ਤੇਰੇ ਕੋਲ ਪੈਸੇ ਨਹੀਂ ਸਨ।

ਬੰਦਾ : ਹਾਂ, ਪੈਸੇ ਨਹੀਂ ਸਨ।

ਇਕ : ਇਹਦਾ ਕਸੂਰ ਤੇਰਾ ਨਹੀਂ ਸੀ, ਮੇਰਾ ਸੀ।

ਬੰਦਾ : ਕਿਉਂ ?

ਇਕ : ਮੈਂ ਹੀ ਮਰਨ ਵੇਲੇ ਕੋਈ ਪੈਸਾ ਨਹੀਂ ਛੱਡ ਗਿਆ ਸਾਂ...ਮੇਰੀ ਬਿਮਾਰੀ ਤੇ ਘਰ ਦਾ ਸਾਰਾ ਕੁਝ ਲੱਗ ਗਿਆ ਸੀ।

ਬੰਦਾ : ਬਾਪੂ ਤੂੰ ਮੇਰੇ ਨਾਲ ਗੁੱਸੇ ਨਹੀਂ ?

ਇਕ : ਨਹੀਂ ਤੇ ਪੁੱਤਰ।

ਬੰਦਾ : ਸੱਚੀ ਦੱਸ।

ਇਕ : ਸੱਚੀ ਦੱਸਦਾ ਹਾਂ।

*(ਹੌਲੀ-ਹੌਲੀ ਉਸ ਬੰਦੇ ਦੀਆਂ ਅੱਖਾਂ ਆਮ ਵਾਂਗ ਸਹੀ ਹੁੰਦੀਆਂ ਹਨ। ਸੰਗੀਤ ਫੇਰ ਵੱਜਦਾ ਹੈ। ਜੋਗੀ ਫੇਰ ਡਾਂਗ ਮਾਰਨ ਲੱਗਦਾ ਹੈ। ਬੰਦਾ ਡਾਂਗ ਫੜ ਲੈਂਦਾ ਹੈ।)*

ਬੰਦਾ : (ਜੋਗੀ ਨੂੰ) ਤੂੰ ਮੈਨੂੰ ਕਿਉਂ ਮਾਰ ਰਿਹਾ ਏਂ ?

ਜੋਗੀ : ਭੂਤ ਦੇ ਬੱਚੇ ਮੇਰੀ ਡਾਂਗ ਛੱਡ ਦੇ...ਨਹੀਂ ਤਾਂ ਮੈਂ ਤੈਨੂੰ ਭਸਮ ਕਰ ਦਿਆਂਗਾ।

ਬੰਦਾ : ਨਹੀਂ ਛੱਡਦਾ...(ਉਹ ਜੋਗੀ ਨੂੰ ਥੱਲੇ ਸੁੱਟ ਲੈਂਦਾ ਹੈ।)

ਜੋਗੀ : ਵੇਖੋ ਲੋਕੋ...ਇਹ ਭੂਤ ਮੇਰੇ ਨਾਲ ਲੜਦਾ ਏ।

ਇਕ : ਇਹ ਲੜਦਾ ਨਹੀਂ, ਇਹਨੇ ਤੈਨੂੰ ਲੰਮੇ ਪਾ ਲਿਆ ਏ...ਕਰ ਕੁਝ ਉਪਾਏ।

ਜੋਗੀ : ਇਹ ਤੇਰੇ ਸਿੱਖੇ ਸਿਖਾਏ ਲੜਦਾ ਏ।

ਇਕ : ਫੇਰ ਮੇਰਾ ਵੀ ਕੋਈ ਉਪਾਏ ਕਰ ਦੇ।

ਜੋਗੀ : ਤੈਨੂੰ ਵੀ ਵੇਖ ਲੈਂਦੇ ਹਾਂ।

*(ਸੰਗੀਤ ਦੀ ਲੈਅ ਵਿਚ ਸੰਘਰਸ਼ ਸ਼ੁਰੂ ਹੁੰਦਾ ਹੈ। ਅੱਗੇ-ਅੱਗੇ ਜੋਗੀ ਤੇ ਚੇਲਾ ਅਤੇ ਪਿੱਛੇ-ਪਿੱਛੇ ਉਹ ਬੰਦਾ ਬਾਹਰ ਜਾਂਦਾ ਹੈ।)*

ਇਕ : (ਲੋਕਾਂ ਨੂੰ ਸੰਬੋਧਨ ਹੁੰਦੇ ਹੋਏ) ਇਹ ਬੰਦਾ ਜੋ ਪਹਿਲੇ ਰੋਗੀ ਸੀ, ਹੁਣ ਠੀਕ ਏ...ਇਹ ਇਸ ਸਮਾਜ ਦਾ ਸ਼ਿਕਾਰ ਏ।

ਦੋ : ਜਿਹੜਾ ਸਮਾਜ ਆਬਾਦੀ ਦੇ ਬਹੁਤ ਹਿੱਸੇ ਨੂੰ ਕੰਗਾਲ ਰੱਖਦਾ ਹੈ।

ਇਕ : ਹਮੇਸ਼ਾ ਥੁੜਾਂ ਦਾ ਸ਼ਿਕਾਰ ਰੱਖਦਾ ਏ।

ਦੋ : ਜੇ ਇਹ ਬੰਦਾ ਗਰੀਬ ਨਾ ਹੁੰਦਾ—

ਇਕ : ਤਾਂ ਇਹ ਵੀ ਆਪਣੀ ਭੈਣ ਦਾ ਵਿਆਹ ਉਹਦੇ ਹਾਣ ਦੇ ਮੁੰਡੇ ਨਾਲ ਕਰਦਾ।

ਦੋ : ਨਾ ਹੀ ਇਹਦੀ ਜ਼ਮੀਰ ਤੇ ਭਾਰ ਪੈਂਦਾ ਤੇ ਨਾ ਹੀ ਇਹ ਬਿਮਾਰ ਹੁੰਦਾ।

ਇਕ : ਤੇ ਨਾ ਹੀ ਇਹਦਾ ਪਿਉ ਇਸ ਨੂੰ ਫਿਟਕਾਰਾਂ ਪਾਉਂਦਾ ਦਿਸਦਾ।

ਦੋ : ਅੱਜ ਦੀ ਸਾਇੰਸ ਕਹਿੰਦੀ ਹੈ ਕਿ ਇਹ ਰੂਹ ਆਦਿ ਕੋਈ ਚੀਜ਼ ਨਹੀਂ।

ਇਕ : ਬੰਦਾ ਇਕ ਵਾਰੀ ਮਰ ਜਾਏ।

ਦੋ : ਤਾਂ ਉਹਦੇ ਸਰੀਰ ਨਾਲ ਹੀ ਸਭ ਕੁਝ ਖ਼ਤਮ ਹੋ ਜਾਂਦਾ ਹੈ।

ਇਕ : ਪਰ ਚਾਲਾਕ ਲੋਕ ਇਹ ਨਹੀਂ ਚਾਹੁੰਦੇ ਕਿ ਸਾਨੂੰ ਸਭ ਕੁਝ ਪਤਾ ਲੱਗੇ।

ਦੋ : ਉਹ ਚਾਹੁੰਦੇ ਹਨ ਕਿ ਅਸੀਂ ਵਹਿਮਾਂ ਭਰਮਾਂ ਦੇ ਚੱਕਰ ਵਿਚ ਪਏ ਰਹੀਏ।

ਇਕ : ਤੇ ਕਦੀ ਇਹ ਨਾ ਜਾਣ ਸਕੀਏ ਕਿ ਸਾਡੀ ਜ਼ਿੰਦਗੀ ਨੂੰ ਔਖਿਆਂ ਬਣਾਨ ਵਾਲੇ ਉਹ ਭੂਤ ਪ੍ਰੇਤ ਨਹੀਂ, ਸਗੋਂ ਇਹ ਸਮਾਜ ਹੈ।

ਦੋ : ਜੋ ਸਾਡੀ ਮਿਹਨਤ ਲੁੱਟਦਾ ਹੈ ਅਤੇ ਸਾਨੂੰ ਕੰਗਾਲ ਰੱਖਦਾ ਹੈ।

ਇਕ : ਅਗਰ ਅਸੀਂ ਚੰਗੀ ਜ਼ਿੰਦਗੀ ਲਈ ਲੜਨਾ ਹੈ ਤਾਂ—

ਦੋ : ਸਾਨੂੰ ਇਨ੍ਹਾਂ ਵਹਿਮਾਂ ਭਰਮਾਂ ਦੇ ਵਿਰੁੱਧ ਵੀ ਲੜਨਾ ਪਏਗਾ।

ਇਕ : ਆਉ ਤੁਹਾਨੂੰ ਜਹਾਲਤ ਦੇ ਕੁਝ ਹੋਰ ਪ੍ਰਚਾਰਕਾਂ ਦੇ ਦਰਸ਼ਨ ਕਰਵਾਈਏ।

ਦੋ : ਇਹ ਆਮ ਤੌਰ 'ਤੇ ਕਚਹਿਰੀਆਂ ਦੇ ਬਾਹਰ ਡੇਰੇ ਲਗਾ ਕੇ ਬੈਠੇ

ਹੁੰਦੇ ਹਨ।

ਇਕ : ਇਨ੍ਹਾਂ ਨੂੰ ਜੋਤਸ਼ੀ ਕਹਿੰਦੇ ਹਨ।

ਦੋ : ਹੱਥ ਦੀਆਂ ਰੇਖਾਵਾਂ ਦੇਖ ਕੇ ਬੰਦੇ ਦਾ ਅੱਗਾ ਦੱਸਦੇ ਹਨ।

ਇਕ : ਇਹ ਪਖੰਡ ਰਚਾ ਕੇ—

ਦੋ : ਲੋਕਾਂ ਕੋਲੋਂ ਪੈਸੇ ਠੱਗਦੇ ਹਨ।

ਇਕ : ਇਕ ਵੱਡਾ ਜੋਤਸ਼ੀ ਹੈ।

ਦੋ : ਉਹਦੇ ਦੋ ਗੁਮਾਸ਼ਤੇ ਹਨ।

ਇਕ : ਇਕ ਲੋਕਾਂ ਦੀ ਛਿੱਲ ਲਾਹੁੰਦਾ ਹੈ।

ਦੋ : ਬਾਕੀ ਦੋ ਸ਼ਿਕਾਰ ਨੂੰ ਘੇਰਦੇ ਹਨ।

*(ਜਦੋਂ ਇਹ ਵਾਰਤਾਲਾਪ ਚੱਲ ਰਹੀ ਹੈ ਤਾਂ ਜੋਤਸ਼ੀ ਆਪਣਾ ਡੇਰਾ ਜਮਾ ਕੇ ਬੈਠ ਜਾਂਦਾ ਹੈ।)*

ਜੋਤਸ਼ੀ : ਹੱਥ ਦੀਆਂ ਰੇਖਾ ਵਿਖਾਓ...ਲਿਖਿਆ ਜੋ ਕਿਸਮਤ ਵਿਚ ਉਹਦਾ ਪਤਾ ਪਾਓ।

ਗੁਮਾਸ਼ਤਾ

1 : ਦੱਸਦੀਆਂ ਹਨ ਹੱਥ ਦੀਆਂ ਲਕੀਰਾਂ ਕਿਸ ਦੀ ਕਿਸਮਤ ਵਿਚ ਰੇਸ਼ਮੀ ਪੁਸ਼ਾਕਾਂ ਤੇ ਕਿਸ ਦੀ ਕਿਸਮਤ ਵਿਚ ਲੀਰਾਂ।

2 : ਲਿਖਿਆ ਕਿਸਮਤ ਦਾ ਕੋਈ ਮਿਟਾ ਨਹੀਂ ਸਕਦਾ, ਭੇਦ ਉਪਰ ਵਾਲੇ ਦਾ ਕੋਈ ਪਾ ਨਹੀਂ ਸਕਦਾ।

ਜੋਤਸ਼ੀ : ਪਰ ਕਰੀਏ ਕੋਈ ਉਪਰਾਲਾ ਤਾਂ ਰੇਖ ਵਿਚ ਮੇਖ ਪੈ ਸਕਦੀ ਹੈ, ਉਲਟੀ ਗੰਗਾ ਵਹਿ ਸਕਦੀ ਹੈ।

*(ਇਕ ਗਰੀਬੜਾ ਕਿਸਾਨ ਆਉਂਦਾ ਹੈ। ਪਹਿਲਾ ਤੇ ਦੂਜਾ ਗੁਮਾਸ਼ਤਾ ਹੁਸ਼ਿਆਰ ਹੋ ਜਾਂਦੇ ਹਨ।*

ਕਿਸਾਨ : ਹੇ ਵਾਹਿਗੁਰੂ ਜੱਜ ਦੇ ਮਨ ਵਿਚ ਮਿਹਰ ਪਾਈਂ...ਕੰਮ ਨੂੰ ਰਾਸ ਲਿਆਈਂ...ਤੇਰੇ ਦਰ 'ਤੇ 51 ਰੁਪਏ ਦਾ ਪ੍ਰਸ਼ਾਦ ਚੜ੍ਹਾਵਾਂਗਾ।

*(ਪਹਿਲਾ ਤੇ ਦੂਜਾ ਗੁਮਾਸ਼ਤਾ ਆਪਸ ਵਿਚ ਗੱਲਾਂ ਕਰਦੇ ਹਨ।)*

1 : ਆ ਰਿਹਾ ਏ ਸ਼ਿਕਾਰ।

2 : ਹੋ ਜਾਓ ਤਿਆਰ।

1 : ਸੁੱਖ ਰਿਹਾ ਏ ਪ੍ਰਸ਼ਾਦ।

2 : ਸੁੱਟੋ ਇਸ 'ਤੇ ਜਾਲ।

1 : ਝਾੜ ਲਵੋ ਮਾਲ...(ਕਿਸਾਨ ਕੋਲੋਂ ਲੰਘਦਾ ਹੈ ਤਾਂ ਉਹ ਉਹਨੂੰ

ਸੁਣਾ-ਸੁਣਾ ਕੇ ਆਪਣਾ ਵਾਰਤਾਲਾਪ ਬੋਲਦੇ ਹਨ।) ਇਹ ਬੰਦਾ ਜਾ ਰਿਹਾ ਏ...ਬੜਾ ਉਦਾਸ ਲੱਗਦਾ ਏ।

2 : ਇਹਦੇ ਮਨ 'ਤੇ ਕੋਈ ਭਾਰ ਏ।

1 : ਇਹਦੇ ਮੁਕੱਦਮੇ ਦਾ ਅੱਜ ਫ਼ੈਸਲਾ ਏ।

2 : ਜੱਜ ਦਾ ਕੋਈ ਪਤਾ ਨਹੀਂ ਕਿ ਕੀ ਫ਼ੈਸਲਾ ਦੇਂਦਾ ਏ ?

1 : ਪਤਾ ਕਿਉਂ ਨਹੀਂ, ਫੈਸਲਾ ਤੇ ਹੱਥ ਦੀਆਂ ਲਕੀਰਾਂ 'ਤੇ ਲਿਖਿਆ ਹੁੰਦਾ ਏ।

2 : ਪਰ ਲਕੀਰਾਂ ਹਰ ਕੋਈ ਨਹੀਂ ਪੜ੍ਹ ਸਕਦਾ।

1 : ਇਹ ਉਹੀ ਪੜ੍ਹ ਸਕਦਾ ਏ, ਜੋ ਜੋਤਸ਼ ਵਿਦਿਆ ਜਾਣਦਾ ਹੋਵੇ।

2 : ਰਾਮ ਲਾਲ ਜੋਤਸ਼ ਵਿਦਿਆ ਦਾ ਵੱਡਾ ਮਾਹਿਰ ਏ।

1 : ਜੇ ਕਿਸੇ ਨੇ ਕਾਰਖਾਨੇ ਦਾ ਨੀਂਹ ਪੱਥਰ ਰੱਖਣਾ ਹੋਵੇ ਤਾਂ ਮਾਲਕ ਉਹਦੇ ਕੋਲੋਂ ਦਿਨ ਪੁੱਛ ਕੇ ਰੱਖਦਾ ਹੈ।

2 : ਫ਼ਿਲਮਾਂ ਵਾਲੇ ਫ਼ਿਲਮਾਂ ਦਾ ਮਹੂਰਤ ਇਹਦੇ ਕੋਲੋਂ ਪੁੱਛ ਕੇ ਕੱਢਦੇ ਨੇ।

1 : ਨੇਤਾ ਲੋਕ ਚੋਣਾਂ ਵਿਚ ਖਲੋਣ ਤੋਂ ਪਹਿਲਾਂ ਇਨ੍ਹਾਂ ਦੀ ਸਲਾਹ ਲੈਂਦੇ ਨੇ।

2 : ਮੇਰੇ ਮੁਕੱਦਮੇ ਦਾ ਜਦੋਂ ਫ਼ੈਸਲਾ ਹੋਣਾ ਸੀ ਤਾਂ ਇਹਨੇ ਪਹਿਲਾਂ ਹੀ ਮੈਨੂੰ ਦੱਸ ਦਿੱਤਾ ਸੀ ਤੇ ਮੈਂ ਅਗੇਤੀ ਜਮਾਨਤ ਕਰਵਾ ਲਈ ਸੀ।

ਕਿਸਾਨ : (ਇਨ੍ਹਾਂ ਦੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ) ਭਲੇ ਲੋਕੋ ਤੁਸੀਂ ਕੀਹਦੀ ਗੱਲ ਕਰ ਰਹੇ ਹੋ।

1 : ਅਸੀਂ ਰਾਜ ਜੋਤਸ਼ੀ ਰਾਮ ਲਾਲ ਦੀ ਗੱਲ ਕਰ ਰਹੇ ਹਾਂ।

2 : ਪਰ ਤੈਨੂੰ ਕੀ...ਤੂੰ ਕਿਹੜਾ ਮੁਕੱਦਮਾ ਲੜਨਾ ਏਂ ?

ਕਿਸਾਨ : ਨਹੀਂ, ਮੇਰੇ ਮੁਕੱਦਮੇ ਦਾ ਫ਼ੈਸਲਾ ਅੱਜ ਹੋਣਾ ਏ।

1 : (2 ਨੂੰ ਸੰਬੋਧਨ ਹੋ ਕੇ) ਇਹਦੇ ਮੁਕੱਦਮੇ ਦਾ ਫ਼ੈਸਲਾ ਅੱਜ ਹੋਣਾ ਏ...ਹੋਣਾ ਏ ਕੋਈ ਫ਼ੌਜਦਾਰੀ ਮੁਕੱਦਮਾ।

ਕਿਸਾਨ : ਹਾਂ, ਫ਼ੌਜਦਾਰੀ ਮੁਕੱਦਮਾ ਹੀ ਏ।

2 : ਹੋਣਾ ਏਂ ਕਿਸੇ ਪਿੰਡ ਵਾਲੇ ਨਾਲ ਝਗੜਾ ਖੇਤ ਦਾ ਬੰਨਾ ਸਾਂਝਾ ਹੋਣਾ ਏ।

ਕਿਸਾਨ : ਹਾਂ, ਇਹੋ ਜਿਹੀ ਹੀ ਗੱਲ ਏ...ਝਗੜਾ ਹੋ ਗਿਆ ਏ...ਸ਼ਰੀਕਾਂ ਵਿਚੋਂ ਲਗਦਾ ਭਰਾ ਮੇਰੇ ਹੱਥੋਂ ਫੱਟੜ ਹੋ ਗਿਆ ਏ।

2 : ਇਹੋ ਜਿਹੇ ਮੁਕੱਦਮੇ ਦਾ ਫ਼ੈਸਲਾ ਤਾਂ ਰਾਜ ਜੋਤਸ਼ੀ ਇਕਦਮ ਦੱਸ ਦੇਂਦਾ ਹੈ।

ਕਿਸਾਨ : ਫੇਰ ਮੈਨੂੰ ਵੀ ਉਹਦੇ ਕੋਲ ਲੈ ਚੱਲੋ।

1 : ਪਹਿਲਾਂ ਉਨ੍ਹਾਂ ਕੋਲੋਂ ਵਕਤ ਲੈਣਾ ਪੈਂਦਾ ਹੈ।

ਕਿਸਾਨ : ਤੁਸੀਂ ਲੈ ਦੇਵੋ ਵਕਤ...ਤੁਹਾਡੇ ਤੇ ਪੁਰਾਣੇ ਵਾਕਫ਼ ਨੇ...ਮੇਰੀ ਸ਼ਿਫਾਰਸ਼ ਪਵਾ ਦੇਵੋ।

2 : ਅਸੀਂ ਕੋਸ਼ਿਸ਼ ਕਰਦੇ ਹਾਂ...(1 ਨੂੰ) ਜਾ ਦੇਖ ਬਈ, ਰਾਜ ਜੋਤਸ਼ੀ ਹੋਰਾਂ ਕੋਲ ਕਿੰਨੇ ਕੁ ਬੰਦੇ ਨੇ...ਸਵੇਰੇ ਤਾਂ ਬੰਦੇ 'ਤੇ ਬੰਦਾ ਚੜ੍ਹਿਆ ਸੀ।

ਕਿਸਾਨ : ਜਿੰਨੇ ਮਰਜ਼ੀ ਹੋਣ...ਪਹਿਲਾਂ ਮੈਨੂੰ ਵਾਰੀ ਦਵਾ ਦੇਵੋ, ਮੈਂ ਤੁਹਾਡੀ ਫ਼ੀਸ ਦੇ ਦੇਵਾਂਗਾ।

2 : ਅੱਛਾ ਭਾਈ ਕੋਸ਼ਿਸ਼ ਕਰਦੇ ਹਾਂ, ਕਿਸੇ ਭਲੇ ਆਦਮੀ ਦਾ ਕੰਮ ਹੋ ਜਾਵੇ। ਫੀਸ ਦੀ ਕੀ ਗੱਲ ਏ ?

*(2 ਜਾਂਦਾ ਹੈ। ਉਹਦੀ ਸਾਰੀ ਮੂਵਮੈਂਟ ਇਸ ਤਰ੍ਹਾਂ ਦੱਸਣੀ ਹੈ ਕਿ ਜਿਸ ਤਰ੍ਹਾਂ ਦੌੜਦਾ ਗਿਆ ਹੈ। ਜੋਤਸ਼ੀ ਕੋਲ ਪੁੱਜਦਾ ਹੈ, ਉਹਦੇ ਕੰਨ ਕੋਲ ਕੁਝ ਕਹਿੰਦਾ ਹੈ। ਜੋਤਸ਼ੀ ਮੂਕ ਅਭਿਨੈ ਵਿਚ ਜਾਹਰ ਕਰਦਾ ਹੈ ਕਿ ਉਹਨੇ ਸਭ ਕੁਝ ਸਮਝ ਲਿਆ ਹੈ। 2 ਫੇਰ ਮੁੜ ਦੌੜਿਆ ਹੋਇਆ ਜਾਂਦਾ ਹੈ, ਹਫਿਆ ਹੋਇਆ ਹੈ। ਇਹ ਸਭ ਕੁਝ ਢੋਲਕ ਦੀ ਤਾਲ 'ਤੇ ਮੂਵਮੈਂਟ ਵਿਚ ਦੱਸਣਾ ਹੈ। ਹੁਣ ਦੋਨੋਂ ਗੁਮਾਸ਼ਤੇ ਕਿਸਾਨ ਨੂੰ ਜੋਤਸ਼ੀ ਕੋਲ ਲੈ ਜਾਂਦੇ ਹਨ।)*

*(ਇਕ ਤੇ ਦੋ ਸੂਤਰਧਾਰ ਹੁਣ ਇਹ ਸਭ ਕੁਝ ਵੇਖਦੇ ਹਨ ਤੇ ਨਾਲ-ਨਾਲ Running Commentary ਕਰਦੇ ਹਨ, ਜਿਸ ਤਰ੍ਹਾਂ ਰੇਡੀਓ ਵਿਚ ਕਿਸੇ ਹਾਕੀ ਜਾਂ ਕ੍ਰਿਕਟ ਮੈਚ ਦੀ ਹੁੰਦੀ ਹੈ। ਉਹੀ ਬੋਲਣ ਦਾ ਸਟਾਇਲ ਹੋਵੇ ਤਾਂ ਹੋਰ ਵੀ ਚੰਗਾ ਹੈ।)*

ਇਕ : ਤਾਂ ਸ਼ਿਕਾਰ ਨੂੰ ਲਿਜਾਇਆ ਜਾ ਰਿਹਾ ਹੈ।

ਦੋ : ਜਿਸ ਤਰ੍ਹਾਂ ਬਕਰਾ ਕਸਾਈ ਕੋਲ ਲਿਜਾਇਆ ਜਾਂਦਾ ਹੈ।

ਇਕ : ਦੋਨੋਂ ਠੱਗ ਉਸ ਨੂੰ ਇਸ ਤਰ੍ਹਾਂ ਸਮਝਾ ਰਹੇ ਹਨ।

ਦੋ : ਜਿਸ ਤਰ੍ਹਾਂ ਕਿਸਾਨ ਨੂੰ ਰਾਜ ਜੋਤਸ਼ੀ ਕੋਲ ਲਿਜਾ ਕੇ ਵੱਡਾ ਅਹਿਸਾਨ ਕਰ ਰਹੇ ਹਨ।

ਇਕ : ਕਿਸਾਨ ਰਾਜ ਜੋਤਸ਼ੀ ਕੋਲ ਪਹੁੰਚ ਗਿਆ ਹੈ...ਅੱਗੇ ਦਾ ਹਾਲ ਸਾਥੀ ਦਰਸ਼ਨ ਸਿੰਘ ਦੱਸੇਗਾ।

ਦੋ : ਕਿਸਾਨ ਜੋਤਸ਼ੀ ਨੂੰ ਪ੍ਰਣਾਮ ਕਰ ਰਿਹਾ ਹੈ। ਜੋਤਸ਼ੀ ਜੀ ਨੇ ਪ੍ਰਣਾਮ ਦਾ ਜਵਾਬ ਨਹੀਂ ਦਿੱਤਾ, ਪਰ ਨਜ਼ਰਾਂ ਕਿਸਾਨ ਦੇ ਮਸਤਕ 'ਤੇ ਟਿਕਾ ਦਿੱਤੀਆਂ ਹਨ। ਕਿਸਾਨ ਹੈਰਾਨ ਹੈ ਕਿ ਜੋਤਸ਼ੀ ਜੀ ਕੀ ਦੇਖ ਰਹੇ ਹਨ। ਜੋਤਸ਼ੀ ਜੀ ਨੇ ਬੋਲਣਾ ਸ਼ੁਰੂ ਕੀਤਾ ਹੈ। (ਨਕਲ ਲਾ ਕੇ)

ਬੱਚਾ ਅਸੀਂ ਤੇਰੀਆਂ ਮਸਤਕ ਦੀਆਂ ਰੇਖਾਵਾਂ ਵੇਖ ਕੇ ਜਾਣ ਲਿਆ ਹੈ ਕਿ ਤੂੰ ਭਾਰੀ ਬਿਪਤਾ ਵਿਚ ਏਂ...ਇਹ ਬਿਪਤਾ ਕੀ ਏ...ਇਹ ਸਾਡੀ ਜੰਤਰੀ ਦੱਸੇਗੀ। ਸੋ ਤੂੰ ਜੰਤਰੀ ਦਖਸ਼ਣਾ ਸਵਾ ਪੰਜ ਰੁਪਏ ਦੀ ਇਸ ਜੰਤਰੀ ਉੱਤੇ ਰੱਖ ਦੇ। ਕਿਸਾਨ ਬੋਝੇ ਵਿਚੋਂ ਪੈਸੇ ਕੱਢ ਰਿਹਾ ਹੈ। ਹੁਣ ਉਸ ਨੇ ਇਹ ਜੰਤਰੀ ਉੱਤੇ ਰੱਖ ਦਿੱਤੇ ਹਨ। ਜੋਤਸ਼ੀ ਨੇ ਇਹ ਪੈਸੇ ਚੁੱਕ ਕੇ ਆਪਣੀ ਗੁੱਥੀ ਵਿਚ ਪਾ ਲਏ ਹਨ। ਹੁਣ ਉਹ ਜੰਤਰੀ ਖੋਲ੍ਹ ਕੇ ਤਾਰਿਆਂ ਦੇ ਹਿਸਾਬ ਕਿਤਾਬ ਵਿਚ ਪੈ ਗਏ ਹਨ। ਹੁਣ ਅੱਗੇ ਦਾ ਹਾਲ ਸਾਥੀ ਦੇਸ ਰਾਜ ਦੱਸਣਗੇ।

ਇਕ : ਹਾਂ ਜੋਤਸ਼ੀ ਜੀ ਨੇ ਹਿਸਾਬ ਮੁਕਾ ਲਿਆ ਏ...ਉਨ੍ਹਾਂ ਨੇ ਜੋ ਗੱਲ ਠੱਗ ਨੇ ਉਨ੍ਹਾਂ ਦੇ ਕੰਨ ਵਿਚ ਪਾਈ ਸੀ, ਉਸ ਮੁਤਾਬਕ ਕਿਸਾਨ ਨੂੰ ਦੱਸ ਦਿੱਤਾ ਹੈ ਕਿ ਉਹਦੇ ਹੱਥੋਂ ਉਹਦਾ ਕੋਈ ਨਜ਼ਦੀਕੀ ਫੱਟੜ ਹੋ ਗਿਆ ਏ...ਕਿਸਾਨ ਜੋਤਸ਼ੀ ਦੀ ਗੱਲ ਉੱਤੇ ਧੰਨ-ਧੰਨ ਕਹਿ ਉੱਠਿਆ ਹੈ...ਤੇ ਪੁੱਛਦਾ ਹੈ ਹੁਣ ਅੱਗੋਂ ਕੀ ਹੋਵੇਗਾ। ਜੋਤਸ਼ੀ ਦੱਸਦੇ ਹਨ ਕਿ ਅੱਗੋਂ ਦਾ ਹਾਲ ਦੂਜੀ ਜੰਤਰੀ ਵਿਚੋਂ ਪਤਾ ਲੱਗੇਗਾ ਤੇ ਉਹਦੇ ਲਈ ਦੂਜੀ ਜੰਤਰੀ ਦੀ ਦਖਸ਼ਣਾ ਫੀਸ ਸਵਾ ਪੰਜ ਰੁਪਏ ਫੇਰ ਮੰਗੀ ਗਈ ਹੈ। ਕਿਸਾਨ ਔਖੇ ਸੌਖੇ ਹੋ ਕੇ ਇਹ ਵੀ ਫੀਸ ਆਪਣੀ ਚਾਦਰ ਦੇ ਪੱਲੇ ਤੋਂ ਖੋਲ੍ਹ ਰਿਹਾ ਹੈ। ਹਾਂ ਤੇ ਕਿਸਾਨ ਨੇ ਫੀਸ ਰੱਖ ਦਿੱਤੀ ਹੈ ਤੇ ਪੰਡਤ ਜੀ ਫੇਰ ਹਿਸਾਬ ਕਿਤਾਬ ਵਿਚ ਪੈ ਗਏ ਹਨ। ਹੁਣ ਅੱਗੇ ਦਾ ਹਾਲ ਸਾਥੀ ਦਰਸ਼ਨ ਸਿੰਘ ਜੀ ਦੱਸਣਗੇ।

ਦੋ : ਹਾਂ, ਜੋਤਸ਼ੀ ਜੀ ਨੇ ਹਿਸਾਬ ਮੁਕਾ ਲਿਆ ਹੈ। ਉਨ੍ਹਾਂ ਨੇ ਜੋ ਗੱਲ ਠੱਗ ਨੇ ਉਨ੍ਹਾਂ ਦੇ ਕੰਨ ਵਿਚ ਪਾਈ ਸੀ, ਉਸ ਮੁਤਾਬਕ ਕਿਸਾਨ ਨੂੰ ਦੱਸ ਦਿੱਤਾ ਹੈ ਕਿ ਤੇਰਾ ਮੁਕੱਦਮਾ ਫ਼ੌਜਦਾਰੀ ਹੈ, ਜਿਸ ਦਾ ਫ਼ੈਸਲਾ ਅੱਜ ਜੱਜ ਨੇ ਸੁਣਾਉਣਾ ਹੈ। ਕਿਸਾਨ ਫੇਰ ਧੰਨ-ਧੰਨ ਕਹਿ ਉੱਠਿਆ ਹੈ ਤੇ ਪੁੱਛਦਾ ਹੈ ਕਿ ਫ਼ੈਸਲਾ ਕੀ ਹੋਵੇਗਾ। ਜੋਤਸ਼ੀ ਜੀ ਦੱਸਦੇ ਹਨ ਕਿ ਇਹ ਫ਼ੈਸਲਾ ਤੀਜੀ ਜੰਤਰੀ ਵੇਖ ਕੇ ਪਤਾ ਲੱਗੇਗਾ ਤੇ ਉਹਦੇ ਲਈ ਤੀਜੀ ਜੰਤਰੀ ਦੀ ਦਖਸ਼ਨਾ ਫੀਸ ਮੰਗੀ ਗਈ ਹੈ। ਕਿਸਾਨ ਨੇ ਇਹ ਫੀਸ ਵੀ ਦੇ ਦਿੱਤੀ...ਅਗਲਾ ਹਾਲ ਹੁਣ ਸਾਥੀ ਦੇਸ ਰਾਜ ਸੁਣਾਏਗਾ।

ਇਕ : (ਅਗਲਾ ਐਕਸ਼ਨ ਵੀ ਬੜੀ ਤੇਜ਼-ਤੇਜ਼ ਹੈ ਤੇ ਕੁਮੈਂਟਰੀ ਵੀ ਤੇਜ਼-ਤੇਜ਼ ਬੋਲੀ ਜਾਏਗੀ) ਤੇ ਹੁਣ ਪੰਡਤ ਜੀ ਤੀਸਰੀ ਜੰਤਰੀ ਦੇਖ ਰਹੇ ਹਨ। ਬੜੇ ਧਿਆਨ ਨਾਲ ਦੇਖਦੇ ਹਨ, ਫੇਰ ਮੂੰਹ ਉਚਕਾਉਂਦੇ ਹਨ, ਕਿਸਾਨ ਵੱਲ ਵੇਖਦੇ ਹਨ। ਕਿਸਾਨ ਆਪਣੀ ਕਿਸਮਤ ਦਾ ਹਾਲ

ਜਾਨਣ ਲਈ ਬੜਾ ਉਤਾਵਲਾ ਹੈ, ਪਰ ਪੰਡਤ ਜੀ ਦੱਸਦੇ ਨਹੀਂ ਫਿਰ ਜਤੰਗੀ ਵਿਚ ਸਿਰ ਦੇ ਕੇ ਬੈਠ ਗਏ ਹਨ। ਰਾਹੂ ਕੇਤੂ ਦਾ ਸੰਘਰਸ਼ ਹੋ ਰਿਹਾ ਹੈ। ਰਾਹੂ ਕੁਝ ਕਹਿੰਦਾ ਹੈ, ਕੇਤੂ ਕੁਝ ਕਹਿੰਦਾ ਹੈ, ਰਾਹੂ ਘਰ ਮੱਲ ਕੇ ਬੈਠ ਗਿਆ ਤੇ ਕੇਤੂ ਉਹਨੂੰ ਘਰ ਖ਼ਾਲੀ ਕਰਨ ਲਈ ਕਹਿੰਦਾ ਹੈ। ਲੜਾਈ ਬੜੀ ਤੇਜ਼ ਹੈ ਤੇ ਰਾਹੂ ਨੇ ਘਰ ਖ਼ਾਲੀ ਕਰ ਦਿੱਤਾ ਹੈ। ਪੰਡਤ ਜੀ ਪਸੀਨੋ-ਪਸੀਨੀ ਹੋ ਗਏ ਹਨ, ਜਿਸ ਤਰ੍ਹਾਂ ਰਾਹੂ ਤੋਂ ਘਰ ਖ਼ਾਲੀ ਕਰਵਾਉਣ ਵਿਚ ਉਨ੍ਹਾਂ ਦਾ ਪੂਰਾ ਜ਼ੋਰ ਲੱਗ ਗਿਆ ਹੋਵੇ, ਕਿਸਾਨ ਨੂੰ ਦੱਸਦੇ ਹਨ ਕਿ ਉਹ ਮੁਕੱਦਮੇ ਤੋਂ ਬਰੀ ਹੋ ਜਾਵੇਗਾ। ਕਿਸਾਨ ਖ਼ੁਸ਼ ਹੋ ਗਿਆ ਹੈ। ਉਹ ਪੰਜ-ਪੰਜ ਰੁਪਏ ਮਠਿਆਈ ਲਈ ਠੱਗ 1 ਤੇ ਠੱਗ 2 ਨੂੰ ਦਿੰਦਾ ਹੈ ਤੇ 10 ਰੁਪਏ, ਪੰਡਤ ਜੀ ਨੂੰ ਹੋਰ ਦਕਸ਼ਨਾ ਦੇਂਦਾ ਹੈ। ਕਿਸਾਨ ਹੁਣ ਜਾ ਰਿਹਾ ਹੈ। ਠੱਗ ਇਕ ਤੇ ਠੱਗ ਦੋ ਪੰਡਤ ਜੀ ਕੋਲ ਹਿੱਸਾ ਮੰਗ ਰਹੇ ਹਨ ਤੇ ਪੰਡਤ ਜੀ ਉਨ੍ਹਾਂ ਨੂੰ ਉਨ੍ਹਾਂ ਦਾ ਹਿੱਸਾ ਦੇ ਰਿਹਾ ਹੈ।

*(ਇਕ ਤੇ ਦੋ ਹੁਣ ਅੱਗੇ ਆਉਂਦੇ ਹਨ।)*

ਇਕ : ਸੋ ਤੁਸੀਂ ਜੋਤਸ਼ੀਆਂ ਦਾ ਨਾਟਕ ਵੇਖਿਆ।

ਦੋ : ਹਰ ਮੁਕੱਦਮੇ ਦੇ ਫ਼ੈਸਲੇ ਦੋ ਹੀ ਤਰ੍ਹਾਂ ਹੋ ਸਕਦੇ ਹਨ।

ਇਕ : ਜਾਂ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਹੈ ਜਾਂ ਉਸ ਨੇ ਬਰੀ ਹੋਣਾ ਹੁੰਦਾ ਹੈ।

ਦੋ : ਜੋਤਸ਼ੀ ਨੇ ਤੁੱਕਾ ਲਗਾਇਆ ਤੇ ਉਹ ਕਿਸਾਨ ਬਰੀ ਹੋ ਗਿਆ।

ਇਕ : ਬਸ ਫੇਰ ਕੀ ਸੀ...ਕਿਸਾਨ ਨੇ ਪਿੰਡ ਵਿਚ ਆ ਕੇ ਜੋਤਸ਼ੀ ਦੀ ਬੜੀ ਮਹਿਮਾ ਕੀਤੀ।

ਦੋ : ਪਿੰਡ ਕੀ, ਸਾਰੇ ਇਲਾਕੇ ਵਿਚ ਉਹਦੀ ਮਹਿਮਾ ਹੋ ਗਈ।

ਇਕ : ਇਲਾਕੇ ਦਾ ਕੋਈ ਵੀ ਬੰਦਾ ਕਚਹਿਰੀ ਆਉਂਦਾ, ਜੋਤਸ਼ੀ ਜੀ ਨੂੰ ਵੀ ਜ਼ਰੂਰ ਮਿਲਦਾ ਹੈ ਤੇ ਦਾਖ਼ਲਾ ਵੀ ਚੜ੍ਹਾਉਂਦਾ ਹੈ।

ਦੋ : ਇਕ ਪਾਸੇ ਦਖਸ਼ਣਾ।

ਇਕ : ਦੂਜੇ ਪਾਸੇ ਸੁੱਖਣਾ ਵੀ ਪੂਰੀ ਕੀਤੀ ਜਾਂਦੀ ਹੈ।

ਦੋ : ਪਰ ਕਦੇ ਅਸੀਂ ਇਸ ਪਖੰਡ ਬਾਰੇ ਸੋਚਿਆ ਹੈ ?

ਇਕ : ਕੀ ਵਾਕਈ ਹੱਥਾਂ ਦੀਆਂ ਲਕੀਰਾਂ ਤੇ ਬੰਦੇ ਦੀ ਤਕਦੀਰ ਲਿਖੀ ਹੁੰਦੀ ਹੈ ?

ਦੋ : ਇਹਦਾ ਸਪੱਸ਼ਟ ਜਵਾਬ ਹੈ ਨਹੀਂ।

ਇਕ : ਹੀਰੋਸ਼ੀਮਾ ਤੇ ਨਾਗਾਸਾਕੀ ਤੇ ਜਦੋਂ ਐਟਮੀ ਬੰਬ ਡਿੱਗਿਆ ਤਾਂ ਇਕ ਲੱਖ ਵੀਹ ਹਜ਼ਾਰ ਬੰਦਾ ਮਰ ਗਿਆ।

ਦੋ : ਕੀ ਇਕ ਲੱਖ ਵੀਹ ਹਜ਼ਾਰ ਬੰਦਿਆਂ ਦੇ ਹੱਥਾਂ ਦੀਆਂ ਲਕੀਰਾਂ ਇਕੋ ਜਿਹੀਆਂ ਸਨ ?

ਇਕ : ਨਹੀਂ, ਵੱਖ-ਵੱਖ ਸਨ...ਪਰ ਤਕਦੀਰ ਸਾਰਿਆਂ ਦੀ ਇਕੋ ਹੋਈ।

ਦੋ : ਭੂਪਾਲ ਵਿਚ ਰਾਤੀ ਲੋਕ ਸੁੱਤੇ।

ਇਕ : ਸਵੇਰੇ ਉਨ੍ਹਾਂ ਵਿਚੋਂ 1900 ਮਰੇ ਹੋਏ ਸਨ।

ਦੋ : ਕੀ 1900 ਦੀਆਂ ਹੱਥ ਲਕੀਰਾਂ ਇਕੋ ਜਿਹੀਆਂ ਸਨ ?

ਇਕ : ਨਹੀਂ, ਫੇਰ ਇਹ ਰੇਖਾਵਾਂ ਦਾ ਚੱਕਰ ਕੀ ਹੈ ?

ਦੋ : ਕੁਝ ਵੀ ਨਹੀਂ...ਬੱਚਾ ਜਦੋਂ ਮਾਂ ਦੇ ਪੇਟ ਵਿਚ ਹੁੰਦਾ ਏ, ਉਹਦੀਆਂ ਮੁੱਠੀਆਂ ਬੰਦ ਰਹਿੰਦੀਆਂ ਨੇ।

ਇਕ : ਇਹ ਬੰਦ ਮੁੱਠੀਆਂ ਹੀ ਹੱਥ ਦੀਆਂ ਰੇਖਾਵਾਂ ਦੀਆਂ ਜ਼ਿੰਮੇਵਾਰ ਹਨ।

ਦੋ : ਇਨ੍ਹਾਂ ਵਿਚੋਂ ਕੋਈ ਮਨੁੱਖ ਦੀ ਤਕਦੀਰ ਨਹੀਂ ਲਿਖੀ ਹੁੰਦੀ।

ਇਕ : ਇਹ ਕੁਝ ਬੰਦਿਆਂ ਦੀ ਏਜਾਦ ਏ...ਜੋ ਝੂਠ ਤੇ ਫਰੇਬ ਨਾਲ ਕਮਾਈ ਕਰਨਾ ਚਾਹੁੰਦੇ ਹਨ।

ਦੋ : ਉਸ ਕਿਸਾਨ ਨੇ ਫੇਰ ਵੀ ਬਰੀ ਹੋ ਜਾਣਾ ਸੀ ਜੇ ਇਹ ਜੋਤਸ਼ੀ ਨਾ ਵੀ ਦੱਸਦੇ।

ਇਕ : ਪਰ ਉਹ ਮੁਫ਼ਤ ਵਿਚ ਪੰਜਾਹ ਸੱਠ ਰੁਪਏ ਲੁੱਟ ਗਿਆ।

ਦੋ : ਉਹ ਪੰਜਾਹ ਸੱਠ, ਜੋ ਉਸ ਦੀ ਖ਼ੂਨ ਪਸੀਨੇ ਦੀ ਕਮਾਈ ਸੀ।

ਇਕ : ਸਾਨੂੰ ਇਸ ਠੱਗੀ ਕੋਲੋਂ ਬਚਣਾ ਚਾਹੀਦਾ ਹੈ।

ਦੋ : ਕਿਉਂਕਿ ਇਸ ਪਿੱਛੇ ਭਾਵੀ ਦਾ ਇਕ ਬੜਾ ਵੱਡਾ ਫ਼ਲਸਫ਼ਾ ਛੁਪਿਆ ਹੋਇਆ ਹੈ।

ਇਕ : ਭਾਵੀ ਜੋ ਕਹਿੰਦੀ ਹੈ—ਹੇ ਮਨੁੱਖ, ਤੂੰ ਭਾਵੇਂ ਜਿੰਨੇ ਮਰਜ਼ੀ ਯਤਨ ਕਰ, ਪਰ ਹੋਣਾ ਉਹੀ ਹੈ ਜੋ ਤੇਰੀ ਤਕਦੀਰ ਵਿਚ ਲਿਖਿਆ ਹੋਇਆ ਹੈ।

ਦੋ : ਇਹ ਫ਼ਲਸਫ਼ਾ ਅਮੀਰ ਲੋਕਾਂ ਦੀ ਏਜਾਦ ਹੈ।

ਇਕ : ਜੋ ਗਰੀਬ ਨੂੰ ਕਹਿੰਦੀ ਏ ਕਿ ਤੇਰੀ ਗਰੀਬੀ ਕਿਸੇ ਲੁੱਟ ਦੇ ਕਾਰਨ ਨਹੀਂ, ਪਰ ਧੁਰੋਂ ਲਿਖੀ ਤਕਦੀਰ ਏ।

ਦੋ : ਇਹ ਫ਼ਲਸਫ਼ਾ ਮਨੁੱਖ ਨੂੰ ਚੰਗੀ ਜ਼ਿੰਦਗੀ ਤੋਂ ਦੂਰ ਲਿਜਾਂਦਾ ਹੈ।

ਇਕ : ਸਾਨੂੰ ਇਹ ਫ਼ਸਲਫ਼ਾ ਰੱਦ ਕਰਨਾ ਪਏਗਾ।

ਦੋ : ਤਾਂ ਹੀ ਅਸੀਂ ਆਪਣੇ ਸੰਘਰਸ਼ ਨੂੰ ਵਿਸ਼ਵਾਸ ਨਾਲ ਅੱਗੇ ਲਿਜਾ ਸਕਾਂਗੇ।

*(ਮੇਲੇ ਤੇ ਢੋਲ ਵੱਜਣ ਦੀ ਆਵਾਜ਼ ਆਉਂਦੀ ਹੈ। ਇਕ ਤੇ ਦੋ ਸੁਣਦੇ ਹਨ, ਫੇਰ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹਨ।)*

ਇਕ : ਆਉ ਤੁਹਾਨੂੰ ਇਕ ਹੋਰ ਥਾਂ 'ਤੇ ਲੈ ਜਾਈਏ।
ਦੋ : ਇਹ ਕਿਸੇ ਕਰਨੀ ਵਾਲੇ ਸਾਧ ਦਾ ਡੇਰਾ ਏ।
ਇਕ : ਸਵਾਹ ਦੀ ਚੁਟਕੀ ਦੇਂਦਾ ਹੈ।
ਦੋ : ਤੇ ਮਨ ਦੀ ਮੁਰਾਦ ਪੂਰੀ ਕਰਦਾ ਹੈ।
ਇਕ : ਤੇ ਡੇਰੇ ਗਈ ਤੀਵੀਂ ਨੂੰ ਪੁੱਤਰ ਦੇਂਦਾ ਏ।
ਦੋ : ਆਉ ਅਸੀਂ ਵੀ ਇਨ੍ਹਾਂ ਦੇ ਦਰਸ਼ਨ ਕਰੀਏ।
ਇਕ : ਤੇ ਫੇਰ ਤੁਹਾਨੂੰ ਇਨ੍ਹਾਂ ਦੀ ਅਸਲੀਅਤ ਤੇ ਚਾਨਣ ਪਾਈਏ।

*(ਇਕ ਦੋ ਲਾਈਨ ਵਿਚ ਚੱਕਰ ਲਗਾਂਦੇ ਹਨ ਤੇ ਇਕ ਥਾਂ 'ਤੇ ਰੁਕ ਜਾਂਦੇ ਹਨ। ਸਟੇਜ ਦੀ ਦੂਜੀ ਨੁੱਕਰ 'ਤੇ ਇਕ ਬਾਬਾ ਜੀ ਆ ਕੇ ਇਕ ਖ਼ਾਸ ਪੁਜ਼ੀਸ਼ਨ ਤੇ ਸਮਾਧੀ ਲਗਾ ਦੇਂਦੇ ਹਨ। ਉਨ੍ਹਾਂ ਦੇ ਚੇਲੇ ਬਾਲਕੇ ਡੰਡੌਤ ਕਰਦੇ ਹਨ। ਇਕ ਚੇਲਾ ਪਹਿਲੇ ਭੇਤ ਭਰੀ ਨਜ਼ਰ ਨਾਲ (1) ਅਤੇ (2) ਨੂੰ ਵੇਖਦੇ ਹਨ, ਜਿਸ ਤਰ੍ਹਾਂ ਕੋਈ ਸ਼ਿਕਾਰ ਆ ਗਿਆ ਹੈ। ਫੇਰ ਉਹ ਕਾਰਵਾਈ ਸ਼ੁਰੂ ਕਰ ਦੇਂਦੇ ਹਨ।)*

ਚੇਲਾ : ਬਾਬਾ ਜੀ।
ਬਾਬਾ : ਹਾਂ ਬੇਟਾ।
ਚੇਲਾ : ਮੈਂ ਬਹੁਤ ਦੁੱਖ ਵਿਚ ਹਾਂ।
ਬਾਬਾ : ਸਾਰੀ ਦੁਨੀਆ ਦੁੱਖ ਵਿਚ ਹੈ।
ਚੇਲਾ : ਪਰ ਮੈਂ ਬਹੁਤ ਦੁੱਖੀ ਹਾਂ।
ਬਾਬਾ : ਕੀ ਦੁੱਖ ਹੈ ਤੈਨੂੰ ਬੱਚਾ ?
ਚੇਲਾ : ਤੁਸੀਂ ਜਾਣੀਜਾਣ ਹੋ ਬਾਬਾ ਜੀ।
ਬਾਬਾ : ਤੂੰ ਆਪਣੇ ਮੁੱਖ 'ਚੋਂ ਕਿਉਂ ਨਹੀਂ ਬੋਲਦਾ।
ਚੇਲਾ : ਮੂੰਹ ਛੋਟਾ ਤੇ ਗੱਲ ਬਹੁਤ ਹੀ ਵੱਡੀ ਹੈ ਬਾਬਾ ਜੀ।
ਬਾਬਾ : ਹਮ ਸਮਝ ਗਏ ਬੱਚਾ।
ਚੇਲਾ : ਜ਼ਰੂਰ ਸਮਝ ਗਏ ਹੋਣਗੇ ਬਾਬਾ ਜੀ।
ਬਾਬਾ : ਤੇਰੇ ਕਲੇਸ਼ ਦਾ ਕਾਰਨ ਤੇਰੀ ਵਹੁਟੀ ਤੇ ਤੇਰੀ ਮਾਂ ਹੈ ਬੱਚਾ।
ਚੇਲਾ : ਹਾਂ ਬਾਬਾ ਜੀ, ਮੈਂ ਚੱਕੀ ਦੇ ਦੋ ਪੁੜਾਂ ਵਿਚ ਪਿਸ ਰਿਹਾ ਹਾਂ।
ਬਾਬਾ : ਸਾਰੀ ਦੁਨੀਆ ਹੀ ਚੱਕੀ ਦੇ ਦੋ ਪੁੜਾਂ ਵਿਚ ਪਿਸ ਰਹੀ ਏ...ਲੇਕਿਨ ਹਮ ਤੁਮੇਂ ਪਿਸਨੇ ਨਹੀਂ ਦੇਂਗੇ...ਕੋਈ ਨਾ ਕੋਈ ਉਪਾ ਜ਼ਰੂਰ ਬਤਾਏਂਗੇ।
ਚੇਲਾ : ਉਪਾਅ ਪੁੱਛਣ ਹੀ ਤਾਂ ਤੁਹਾਡੇ ਕੋਲ ਆਇਆ ਹਾਂ ਬਾਬਾ ਜੀ।
ਬਾਬਾ : ਉਪਾਅ ਤੋ ਹਮ ਬਤਾ ਦੇਤੇ ਹੈਂ...ਪਹਿਲੇ ਯੇ ਬਤਾਓ ਤੁਮ੍ਹਾਰੀ ਸ਼ਰਧਾ

ਕਿਆ ਹੈ।

ਚੇਲਾ : ਸ਼ਰਧਾ ਤਾਂ ਬਹੁਤ ਹੈਂ ਬਾਬਾ ਜੀ...ਆਹ ਲਓ ਪਹਿਲਾਂ ਆਹ ਤੁਛ ਜਿਹੀ ਭੇਟਾ ਕਬੂਲ ਕਰੋ।

*(ਜੇਬ ਵਿਚੋਂ ਕੁਝ ਕੱਢ ਕੇ ਸਾਧ ਵੱਲ ਵਧਦਾ ਹੈ।)*

ਬਾਬਾ : (ਦੇਖ ਕੇ) ਛੀ ਛੀ ਛੀ...ਹਮ ਸਾਧੂ ਲੋਕ ਇਸ ਕਪਟ ਮਾਇਆ ਕੋ ਹਾਥ ਨਹੀਂ ਲਗਾਤੇ...ਇਸ ਕੋ ਸੰਤੋਂ ਕੇ ਝੋਲੇ ਮੇਂ ਡਾਲ ਦੇ ਬੇਟਾ।

ਚੇਲਾ : ਜੋ ਹੁਕਮ ਬਾਬਾ ਜੀ...(ਭੇਟਾ ਝੋਲੇ 'ਚ ਪਾਉਂਦਾ ਹੈ)

ਸਾਧ : ਆਰਾਮ ਸੇ ਬੈਠ ਜਾਓ ਬੱਚਾ...ਹਮ ਦੇਵੀ ਮਾਂ ਸੇ ਪ੍ਰਾਰਥਨਾ ਕਰਤੇ ਹੈਂ।

ਚੇਲਾ : ਅੱਛਾ ਬਾਬਾ ਜੀ...(ਬੈਠ ਜਾਂਦਾ ਹੈ।)

ਸਾਧ : (ਮਾਤਾ ਨਾਲ ਗੱਲ ਕਰਨ ਦੇ ਢੋਂਗੀ ਅੰਦਾਜ਼ 'ਚ) ਮਾਤਾ...ਤੇਰਾ ਇਹ ਭਗਤ ਬਹੁਤ ਦੁਖੀ ਹੈ...ਇਸ ਦੇ ਦੁੱਖ ਦਾ ਕਾਰਨ ਪੈਸੇ ਦੀ ਘਾਟ ਨਹੀਂ...ਪੈਸੇ ਇਸ ਦੇ ਪਾਸ ਪਹਿਲਾਂ ਹੀ ਬਹੁਤ ਹੈਂ...ਥੋੜਾ ਜਿਹਾ ਤੇਰੀ ਭੇਟ ਚੜ੍ਹਾਇਆ ਹੈ...ਅਜੇ ਹੋਰ ਵੀ ਚੜ੍ਹਾਏਗਾ...(ਕੁਝ ਸੁਣ ਕੇ) ਨਾ ਨਾ ਨਾ ਮਾਤਾ ਇਤਨੀ ਕਰੋਪ ਮੱਤ ਹੋ...ਨਾਦਾਨ ਹੈ...ਬੱਚਾ ਹੈ...ਬੱਚੇ ਸੇ ਗਲਤੀ ਹੋ ਹੀ ਜਾਤੀ ਹੈ ਗੁੱਸਾ ਨਾ ਕਰੋ।

ਚੇਲਾ : ਕੀ ਹੁਕਮ ਹੈ ਬਾਬਾ ਜੀ ?

ਬਾਬਾ : ਮਾਤਾ ਦਾ ਹੁਕਮ ਹੈ ਕਿ ਤੁਮ੍ਹੇਂ ਪਵਿੱਤਰ ਰਾਖ ਦੀ ਜਾਏ।

ਚੇਲਾ : ਪਰ ਬਾਬਾ ਜੀ ਇਹ ਰਾਖ ਆਊ ਕਿਥੋਂ ?

ਬਾਬਾ : ਇਹ ਦੇਵੀ ਮਾਂ ਆਪ ਭੇਜੇਗੀ।

ਚੇਲਾ : ਆਪ ਭੇਜੇਗੀ ?

ਬਾਬਾ : ਹਾਂ ਬੱਚਾ, ਲੇਕਿਨ ਇਸ ਰਾਖ ਦਾ ਅਸਰ ਤਾਂ ਹੀ ਹੋ ਸਕਦਾ ਹੈ...ਜੇਕਰ ਤੂੰ ਮਾਇਆ ਦਾ ਮੋਹ ਤਿਆਗ ਦੇਵੇਂ।

ਚੇਲਾ : ਜਦੋਂ ਮੇਰੇ ਮਨ ਦਾ ਚੈਨ ਹੀ ਨਾ ਰਿਹਾ ਤਾਂ ਮੈਂ ਮਾਇਆ ਕੀ ਕਰਨੀ ਐਂ ?

ਬਾਬਾ : ਫੇਰ ਕਦੋਂ ਤਿਆਗੇਂਗਾ...ਹੁਣੇ ਤਿਆਗ ਦੇ...ਜੋ ਕੁਝ ਤੇਰੇ ਕੋਲ ਹੈ ਸੰਤੋਂ ਕੇ ਝੋਲੇ ਮੇਂ ਡਾਲ ਦੇ...(ਚੇਲਾ ਹੋਰ ਭੇਟਾ ਪਾਉਂਦਾ ਹੈ।) ਯੇ ਤੁਮ੍ਹਾਰੀ ਮੇਰੇ ਪਾਸ ਅਮਾਨਤ ਹੈ...ਅਗਲੇ ਜਨਮ ਮੇਂ ਤੁਮ੍ਹਾਰੇ ਕਾਮ ਆਏਗੀ।

ਚੇਲਾ : ਅਗਲੇ ਜਨਮ ਵਿਚ ਬਾਬਾ ਜੀ ?

ਬਾਬਾ : ਹਾਂ ਬੱਚਾ, ਯੇ ਕੋਈ ਬੈਂਕ ਕੀ ਤਿਜੋਰੀ ਨਹੀਂ...ਬਾਬਾ ਕਾ ਪਵਿੱਤਰ ਝੋਲਾ ਹੈ...ਇਸ ਮੇਂ ਨਾ ਸੰਨ ਲਗ ਸਕਤੀ ਹੈ, ਨਾ ਡਾਕਾ ਪੜ ਸਕਤਾ

ਹੈ...ਆਰਾਮ ਸੇ ਬੈਠ ਜਾਓ ਬੱਚਾ...(ਚੇਲਾ ਬੈਠ ਜਾਂਦਾ ਹੈ। ਘੁੰਮਦਾ ਹੈ ਤੇ ਆਪਣੇ ਵਾਲਾਂ 'ਚ ਰਾਖ ਦੀ ਪੁੜੀ ਕੱਢਦਾ ਹੈ) ਆਹ ਲਓ ਬੱਚਾ...ਪਵਿੱਤਰ ਰਾਖ...(ਚੇਲਾ ਰਾਖ ਫੜਦਾ ਹੈ) ਇਸ ਪਲਾਸਟਿਕ ਕੀ ਥੈਲੀ ਮੇਂ ਦੋ ਪੁੜੀਆਂ ਹੈਂ...ਇਨਮੇ ਸੇ ਥੋੜੀ-ਥੋੜੀ ਰਾਖ ਆਪਣੀ ਮਾਂ ਔਰ ਅਪਨੀ ਪਤਨੀ ਕੇ ਸਿਰ ਮੇਂ ਧੂੜਨੀ ਹੈ...ਥੋੜੀ ਥੋੜੀ ਆਪਣੇ ਸਿਰ ਮੇਂ ਧੂੜਨੀ ਹੈ...ਸਭ ਕਸ਼ਟ ਦੂਰ ਹੋ ਜਾਏਂਗੇ ਬੱਚਾ...ਸਭ ਕਸ਼ਟ ਦੂਰ ਹੋ ਜਾਏਂਗੇ।

*(ਸੂਤਰਧਾਰ ਆਉਂਦੇ ਹਨ—ਸਾਧ ਦੇਖਦਾ ਹੈ।)*

ਇਕ : ਮੱਥਾ ਟੇਕਦੇ ਹਾਂ ਬਾਬਾ ਜੀ।

ਦੋ : ਪੈਰੀਂ ਪੈਂਦੇ ਹਾਂ ਬਾਬਾ ਜੀ।

ਬਾਬਾ : ਚਿਰੰਜੀਵ ਰਹੋ ਬੱਚਾ...ਹਮ ਕਬ ਸੇ ਜਹਾਂ ਤਪੱਸਿਆ ਕਰ ਰਹੇ ਹੈਂ... ਕੋਈ ਅੰਨ ਕੀ ਸ਼ਰਧਾ...ਕੋਈ ਦੂਸਰੀ ਸ਼ਰਧਾ ?

ਇਕ : ਸ਼ਰਧਾ ਬੜੀ ਐ ਬਾਬਾ ਜੀ...ਪਰ ਸਾਡੇ ਮਨ 'ਚ ਇਕ ਸ਼ੰਕਾ ਪੈਦਾ ਹੋ ਗਿਆ ਹੈ।

ਬਾਬਾ : ਕਿਆ ਸ਼ੱਕ ਬੱਚਾ ?

ਦੋ : (ਮੋਢਿਉਂ ਪਕੜਦਿਆਂ) ਕਿ ਇਹ ਰਾਖ ਕਹਾਂ ਸੇ ਆਈ ?

ਇਕ : ਔਰ ਇਹ ਪਲਾਸਟਿਕ ਕੀ ਥੈਲੀ ਕਹਾਂ ਸੇ ਆਈ ?

ਬਾਬਾ : ਇਹ ਦੇਵੀ ਮਾਂ ਕੀ ਇੱਛਾ ਹੈ ਬੱਚਾ, ਹਮ ਪ੍ਰਾਣੀ ਲੋਕ ਇਸ ਪਰ ਕਿੰਤੂ ਨਹੀਂ ਕਰ ਸਕਤੇ।

ਦੋ : ਪਰ ਬਾਬਾ ਜੀ...ਅਸੀਂ ਤਾਂ ਕਿੰਤੂ ਕਰਾਂਗੇ।

ਇਕ : ਕਿਉਂਕਿ ਸਾਨੂੰ ਪਤਾ ਹੈ ਕਿ ਰਾਖ ਕੋਈ ਉੱਤੋਂ ਨਹੀਂ ਆਈ...ਤੇਰੇ ਵਾਲਾਂ ਵਿਚ ਲੁਕੀ ਹੋਈ ਸੀ।

ਦੋ : ਜੇ ਬਾਬਾ ਜੀ ਅਸੀਂ ਥੋਡੀ ਤਲਾਸ਼ੀ ਲੈ ਲਈਏ ਤਾਂ ਥੋਨੂੰ ਕੋਈ ਇਤਰਾਜ਼ ਤਾਂ ਨਹੀਂ ?

ਬਾਬਾ : ਤੁਮ ਕੌਣ ਹੋਤੇ ਹੋ ਹਮਾਰੀ ਤਲਾਸ਼ੀ ਲੇਨੇ ਵਾਲੇ ?

ਇਕ : ਅਸੀਂ ਉਹ ਲੋਕ ਹਾਂ ਬਾਬਾ ਜੀ...ਜਿਨ੍ਹਾਂ ਨੇ ਥੋਡਾ ਪਖੰਡ ਲੋਕਾਂ ਸਾਹਮਣੇ ਨੰਗਾ ਕਰਨੈ।

ਚੇਲਾ : ਮੈਨੂੰ ਅਠਾਰਾਂ ਘੰਟੇ ਹੋ ਗਏ ਲੱਤਾਂ ਘੁੱਟਦੇ ਨੂੰ...ਇਹ ਆਗੇ ਪਾਖੰਡ ਨੰਗਾ ਕਰਨ।

*(ਸੂਤਰਧਾਰ ਉਸ ਨੂੰ ਘੂਰ ਕੇ ਭਜਾਉਂਦੇ ਹਨ।)*

ਬਾਬਾ : ਅੱਛਾ...ਤੰਗ ਮਤ ਕਰੋ ਯੇ ਪਕੜੋ ਆਪਣਾ ਹਿੱਸਾ ਔਰ ਚਲਤੇ ਬਣੋ।

*(ਰਿਸ਼ਵਤ ਦੇਂਦਾ ਹੈ।)*

ਇਕ : ਰਿਸ਼ਵਤ ਦਿੰਦਾ ਬੁਬਨਿਆਂ ?

ਦੋ : ਹੁਣ ਤੇਰਾ ਹੱਥ ਤੇਰੀ ਮਾਂ ਥੈਲੀ 'ਚ ਵੀ ਚਲਾ ਗਿਆ।

ਇਕ : ਅਖੇਂ ਹਮ ਮਾਇਆ ਕੋ ਹਾਥ ਨਹੀਂ ਲਗਾਤੇ।

ਬਾਬਾ : ਤੁਮ ਲੋਗੋਂ ਨੇ ਹਮਾਰੀ ਤਪੱਸਿਆ ਭੰਗ ਕੀ ਹੈ...ਹਮ ਤੁਮੇਂ ਸਰਾਪ ਦੇਦੇ ਹੈਂ...(ਸ਼ਰਾਪ ਦੇਂਦਾ ਫੂਕ ਨਾਲ ਉਡਾਉਣ ਦਾ ਪਖੰਡ ਕਰਦਾ ਹੈ, ਸੂਤਰਧਾਰ ਨਹੀਂ ਡਰਦੇ) ਅੱਛਾ ਤੁਮ ਲੋਕ ਨਰਕ ਮੇਂ ਜਾਓਗੇ...ਅਗਰ ਤੁਮ ਨਹੀਂ ਜਾਤੇ ਤੋ ਹਮ ਜਾਤੇ ਹੈਂ। (ਦੌੜਦਾ ਹੈ)

ਇਕ : ਜੋ ਕੁਝ ਤੁਸੀਂ ਹੁਣੇ ਦੇਖਿਆ ਉਹ ਸੱਚਮੁੱਚ ਹੀ ਕੋਈ ਨਾਟਕ ਨਹੀਂ ਸੀ।

ਦੋ : ਇਹ ਸਾਡੀ ਤੁਹਾਡੀ ਜ਼ਿੰਦਗੀ ਦੀ ਅਸਲੀਅਤ ਹੈ।

ਇਕ : ਇਸ ਅਸਲੀਅਤ ਨੂੰ ਬਦਲਣ ਲਈ ਰੋਗ ਨੂੰ ਜੜ੍ਹਾਂ ਤੋਂ ਪੁੱਟਣਾ ਪਵੇਗਾ।

ਦੋ : ਇਨ੍ਹਾਂ ਜੜ੍ਹਾਂ ਨੂੰ ਖਾਦ ਦਾ ਕੰਮ ਦਿੰਦੇ ਨੇ ਤੁਹਾਡੇ ਵਹਿਮ ਤੇ ਭਰਮ।

ਇਕ : ਤੁਹਾਡੀ ਸੋਚ ਕਿ ਕਰਨ ਕਰਾਉਣ ਵਾਲਾ ਕੋਈ ਉਪਰ ਬੈਠਾ ਹੈ।

ਦੋ : ਅਖੇ ਬੰਦੇ ਦੇ ਵੱਸ ਕੁਝ ਨਹੀਂ।

ਇਕ : ਪਰ ਅਸੀਂ ਕਹਿੰਦੇ ਹਾਂ ਕਿ ਬੰਦੇ ਵੱਸ ਸਭ ਕੁਝ ਹੈ।

ਦੋ : ਆਓ ਆਪਣੀ ਸੋਚ ਨੂੰ ਵਿਗਿਆਨ ਦੀਆਂ ਲੀਹਾਂ 'ਤੇ ਪਾਈਏ।

ਇਕ : ਤੇ ਇਨ੍ਹਾਂ ਦੁਸ਼ਮਣਾਂ ਨੂੰ ਪਛਾਣੀਏ।

ਦੋ : ਇਹ ਸਨ ਉਹ ਦੇਵ ਪੁਰਸ਼ ਹਾਰ ਗਏ।

*(ਤਿੰਨੋਂ ਬੁਰੇ ਹਾਲ ਦਾਖ਼ਲ ਹੁੰਦੇ ਹਨ।)*

ਦੋਵੇਂ : ਦੇਵ ਪੁਰਸ਼ ਹਾਰ ਗਏ।

*ਸਮਾਪਤ*